ਅੰਤਰ ਰਾਸ਼ਟਰੀ ਪੰਜਾਬੀ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ** ISSN: 2584-0509
ਪੰਜਾਬੀ ਯੁਵਾ ਪਰਵਾਸ: ਸਮਾਜਿਕ-ਰਾਜਨੀਤਿਕ ਸਰੋਕਾਰ (Page 81 to 88 )

# ਪੰਜਾਬੀ ਯੁਵਾ ਪਰਵਾਸ: ਸਮਾਜਿਕ-ਰਾਜਨੀਤਿਕ ਸਰੋਕਾਰ



**ਅਜੈ ਕੁਮਾਰ** ਖੋਜਾਰਥੀ,
ਪੰਜਾਬੀ ਅਤੇ ਡੋਗਰੀ
ਵਿਭਾਗ, ਹਿਮਾਚਲ ਪ੍ਰਦੇਸ਼
ਕੇਂਦਰੀ ਯੂਨੀਵਰਸਿਟੀ,
ਧਰਮਸ਼ਾਲਾ

ਅਜੋਕੀ ਗਲੋਬਲ ਆਰਥਿਕਤਾ ਵਿਚ ਤੇਜ਼ੀ ਨਾਲ ਹੋ ਰਹੀ ਤਬਦੀਲੀ ਕਾਰਨ ਪੰਜਾਬ ਦੀ ਯੁਵਾ ਪੀੜ੍ਹੀ ਰੁਜ਼ਗਾਰ ਦੀ ਭਾਲ ਲਈ ਸਮਾਜ ਵਿਚ ਪਸਰੀਆਂ ਵਿਭਿੰਨ ਤੇ ਨਵੀਨ ਚਣੌਤੀਆਂ ਨਾਲ ਜੂਝਦੀ ਨਜ਼ਰ ਆ ਰਹੀ ਹੈ। ਉਦਯੋਗਿਕ ਅਤੇ ਮਸ਼ੀਨੀਕਰਨ ਦਾ ਦੌਰ ਹੋਣ ਕਾਰਨ ਸੰਸਾਰ ਲਗਾਤਾਰ ਤਕਨੀਕੀ ਖੇਤਰ ਅਤੇ ਮੰਡੀਕਰਨ ਦੇ ਰੂਪ ਵਿਚ ਉਭਰ ਰਿਹਾ ਹੈ। ਵਿਸ਼ਵੀਕਰਨ ਦੇ ਤਲਿਸਮੀ ਪਰਦੇ ਪਿੱਛੇ ਪੂੰਜੀਵਾਦੀ ਤਾਕਤਾਂ ਨੇ ਕੁਦਰਤੀ ਸਾਧਨਾਂ ਸਮੇਤ ਮਨੁੱਖੀ ਕਿਰਤ ਤੋਂ ਪਾਰ ਸਿਹਤ ਅਤੇ ਸਿੱਖਿਆ ਦੀਆਂ ਬੁਨਿਆਦੀ ਲੋੜਾਂ ਉਪਰ ਵੀ ਕਬਜ਼ਾ ਕਰ ਲਿਆ ਹੈ। ਪੰਜਾਬੀ ਯੁਵਾ ਪੀੜ੍ਹੀ ਦਾ ਵਿਸ਼ਵ ਪੱਧਰ 'ਤੇ ਲਗਾਤਾਰ ਹੋ ਰਿਹਾ ਪਰਵਾਸ ਵੱਡੇ ਸਨਅਤੀ ਖੇਤਰਾਂ ਵਾਂਗ ਵਪਾਰਕ ਖੇਤਰ ਬਣ ਗਿਆ ਹੈ। ਵਰਤਮਾਨ ਦੌਰ ਵਿਚ ਸਿੱਖਿਆ ਇਸ ਖੇਤਰ ਦਾ ਕੇਂਦਰੀ ਧੁਰਾ ਬਣ ਕੇ ਸਾਹਮਣੇ ਆ ਰਿਹਾ ਹੈ। ਸਿੱਖਿਆ ਦੁਆਰਾ ਹੀ ਜਨ-ਜੀਵਨ, ਜਨ-ਹਿੱਤ ਪ੍ਰਾਪਤੀ ਲਈ ਮਕਬੂਲ ਬਣਦਾ ਹੈ ਪਰ ਰਾਸ਼ਟਰ ਪੱਧਰ 'ਤੇ ਬਣਾਈਆਂ ਗਈਆਂ ਸਿੱਖਿਆ ਨੀਤੀਆਂ, ਟਰੈਵਲ ਏਜੰਟ ਅਤੇ ਸਿੱਖਿਆ ਦੇ ਆਧਾਰ 'ਤੇ ਇਮੀਗ੍ਰੇਸ਼ਨ ਜਿਹੀਆਂ ਮੌਜੂਦਾ ਕੌਮਾਂਤਰੀ ਨੀਤੀਆਂ ਯੁਵਾ ਪੀੜ੍ਹੀ ਦਾ ਹਰ ਪੱਖ ਤੋਂ ਘਾਣ ਕਰ ਰਹੀਆਂ ਹਨ। 'ਕੌਮਾਂਤਰੀ ਸਿੱਖਿਆ ਨੀਤੀਆਂ ਗਿਆਨ, ਭਾਸ਼ਾ, ਵਿਚਾਰਾਂ ਅਤੇ ਸੱਭਿਆਚਾਰ ਦਾ ਅਦਾਨ-ਪ੍ਰਦਾਨ ਕਰਨ ਬਹਾਨੇ ਨਿੱਜੀਕਰਨ-ਸੰਸਾਰੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਦਿਆਂ ਸਿੱਖਿਆ ਨੂੰ ਵਪਾਰ ਦੇ ਸਾਧਨ ਵਜੋਂ ਅੱਗੇ ਵਧਾਉਣ ਦੀਆਂ ਵਾਹਕ ਬਣਦੀਆਂ ਹਨ। ਸਿੱਖਿਆ ਦੇ ਇਸ ਵਪਾਰ ਉੱਤੇ ਸੰਸਾਰ ਦੇ ਵਿਕਸਿਤ ਮੁਲਕਾਂ (ਅਮਰੀਕਾ, ਕੈਨੇਡਾ, ਆਸਟਰੇਲੀਆ, ਇੰਗਲੈਂਡ ਆਦਿ) ਦੀ ਇਜ਼ਾਰੇਦਾਰੀ ਹੈ। ਦੁਨੀਆਂ ਭਰ ਦੇ ਗ਼ਰੀਬ ਮੁਲਕਾਂ ਲਈ ਨਰਸਾਂ, ਡਾਕਟਰ, ਇੰਜਨੀਅਰ, ਬਿਜ਼ਨਸ ਮੈਨੇਜਮੈਂਟ, ਅਕਾਊਂਟੈਂਟ, ਰਿਸਰਚ ਸਕਾਲਰ ਪੈਦਾ ਕਰਨ ਦੀ ਮੰਡੀ ਬਣ ਰਹੇ ਹਨ। ਜਿੱਥੇ ਵਿਕਾਸਸ਼ੀਲ ਮੁਲਕਾਂ ਵਿਚੋਂ ਨੌਜਵਾਨ ਕਿਰਤ ਸ਼ਕਤੀ ਅਤੇ ਪੈਸਾ ਬਾਹਰ ਜਾ ਰਿਹਾ ਹੈ, ਉੱਥੇ ਬੌਧਿਕ ਹੂੰਝਾ (ਬਰੇਨ ਡਰੇਨ) ਵੀ ਫਿਰ ਰਿਹਾ ਹੈ।[1] ਭਾਰਤੀ/ਪੰਜਾਬੀ ਯੁਵਾ ਪੀੜ੍ਹੀ ਕੌਮਾਂਤਰੀ ਰਾਜਨੀਤਿਕ ਅਤੇ ਨਿੱਜੀਕਰਨ ਦੀਆਂ ਨੀਤੀਆਂ ਤੋਂ ਬੇਵੱਸ ਹੋ ਕੇ ਪਰਵਾਸ ਕਰਨ ਵੱਲ ਅਗਰਸਰ ਹੈ। ਵਰਤਮਾਨ ਦੌਰ ਵਿਚ ਕੌਮਾਂਤਰੀ ਸਿੱਖਿਆ ਅਤੇ ਰੁਜ਼ਗਾਰ ਦੀ ਪ੍ਰਾਪਤੀ ਲਈ ਪਰਵਾਸ ਕਰ ਰਹੀ ਯੁਵਾ ਪੀੜ੍ਹੀ ਵੱਲ ਝਾਤ ਮਾਰੀਏ ਤਾਂ

ਭਾਰਤ ਸਭ ਤੋਂ ਵੱਡਾ ਪਰਵਾਸ ਕਰਨ ਵਾਲੇ ਲੋਕਾਂ ਦਾ ਕੇਂਦਰ ਬਣ ਗਿਆ ਹੈ ਅਤੇ ਪੰਜਾਬ ਸੂਬੇ ਪੱਖੋਂ ਪਹਿਲੇ ਦਰਜ਼ੇ 'ਤੇ ਹੈ। ਰਾਜਨੀਤੀ ਦੀ ਦਖ਼ਲਅੰਦਾਜ਼ੀ ਕਾਰਨ ਪੰਜਾਬ ਵਿਚੋਂ ਤੇਜ਼ੀ ਨਾਲ ਹੋ ਰਹੇ ਯੁਵਾ ਪਰਵਾਸ ਨਾਲ ਜਿੱਥੇ ਸਮਾਜਿਕ, ਸਭਿਆਚਾਰਕ ਕਦਰਾਂ-ਕੀਮਤਾਂ ਪ੍ਰਭਾਵਿਤ ਹੋਈਆਂ ਹਨ ਉੱਥੇ ਹੀ ਆਰਥਿਕ ਅਤੇ ਰਾਜਨੀਤਿਕ ਗਤੀ-ਵਿਧੀਆਂ ਵਿਚ ਵੀ ਫੇਰਬਦਲ ਹੋਇਆ ਹੈ।

ਆਦਿ ਕਾਲ ਤੋਂ ਹੀ ਮਨੁੱਖ ਰਿਜ਼ਕ ਲਈ ਇਕ ਸਥਾਨ ਤੋਂ ਦੂਸਰੇ ਸਥਾਨ 'ਤੇ ਨਿਵਾਸ ਕਰਦਾ ਆਇਆ ਹੈ। ਅਜਿਹਾ ਉਸ ਦਾ ਕੋਈ ਨਿੱਜੀ ਫੈਸਲਾ ਨਹੀਂ ਬਲਕਿ ਪੂੰਜੀਵਾਦੀ ਮੁਲਕਾਂ ਅਤੇ ਕਰੂਰ ਰਾਜਨੀਤਿਕ ਵੱਲੋਂ ਪੈਦਾ ਕੀਤੀਆਂ ਕੌਮੀ ਤੇ ਕੌਮਾਂਤਰੀ ਉਤਪਾਦਨ ਸਥਿਤੀਆਂ-ਪ੍ਰਸਥਿਤੀਆਂ ਹਨ। ਪਲੈਖਾਨੋਵ ਦਾ ਵਿਚਾਰ ਹੈ ਕਿ 'ਉਤਪਾਦਨ ਪ੍ਰਣਾਲੀ ਅਰਥਾਤ, ਉਤਪਾਦਨ ਦੇ ਪਦਾਰਥਕ ਸਾਧਨ, ਤਕਨੀਕ ਅਤੇ ਸੰਗਠਨ ਅਤੇ ਉਤਪਾਦਨ ਸੰਬੰਧ ਮਨੁੱਖਾਂ ਦੀ ਜੀਵਨ-ਜਾਂਚ ਜਾਂ ਉਹਨਾਂ ਦੀ ਪ੍ਰਸਥਿਤੀ ਨਿਸਚਿਤ ਕਰਦੇ ਹਨ। ਅਗੋਂ ਇਹ ਪ੍ਰਸਥਿਤੀ ਉਹਨਾਂ ਦੀ ਮਾਨਸਿਕਤਾ ਉਹਨਾਂ ਦੇ ਚਿੰਤਨ ਦੇ ਰੂਪਾਂ ਅਤੇ ਉਹਨਾਂ ਦੀ ਭਾਵਕ ਬਣਤਰ ਨੂੰ ਨਿਸਚਿਤ ਕਰਦੀ ਹੈ ਅਤੇ ਫੇਰ ਇਹ ਮਾਨਸਿਕਤਾ ਉਹਨਾਂ ਦੀ ਕਲਾ, ਤੇ ਉਹਨਾਂ ਦੀਆਂ ਦੂਜੀਆਂ ਮਾਨਸਿਕ ਤੇ ਬੌਧਿਕ ਕ੍ਰਿਤੀਆਂ ਦਾ ਚਿਤਰ ਨਿਸਚਿਤ ਕਰਦੀ ਹੈ।[2] ਪਰਵਾਸ ਦੇ ਕਈ ਕਾਰਨ ਹੋ ਸਕਦੇ ਹਨ ਪਰ ਅਜਿਹੇ ਹਾਲਾਤਾਂ ਅੰਤਰਗਤ ਮਨੁੱਖ ਵੱਲੋਂ ਸਮਾਜਿਕ, ਰਾਜਸੀ ਅਤੇ ਸਭਿਆਚਾਰਕ ਪ੍ਰਸਥਿਤੀਆਂ ਅਨੁਕੂਲ ਰਹਿ ਕੇ ਲਿਆ ਗਿਆ ਫੈਸਲਾ ਉਸਨੂੰ ਆਪਣੀ ਜੰਮਣ ਭੋਇ ਤੋਂ ਪਰਵਾਸ ਕਰਵਾਉਣ ਲਈ ਮਜ਼ਬੂਰ ਕਰਦਾ ਹੈ। ਮਨੁੱਖ ਮਜ਼ਬੂਰੀ ਵੱਸ, ਗਰਕ ਨਿਜ਼ਾਮ ਤੋਂ ਨਿਜ਼ਾਤ ਪਾਉਣ ਲਈ ਅਤੇ ਜ਼ਿੰਦਗੀ ਨੂੰ ਬਿਹਤਰੀਨ ਤੇ ਸਮਰਿੱਧ ਬਣਾਉਣ ਲਈ ਵੀ ਪਰਵਾਸ ਕਰਦਾ ਹੈ। ਸਾਹਿਤਕ ਅਤੇ ਅਕਾਦਮਿਕ ਸੰਸਥਾਵਾਂ, ਹਲਕਿਆਂ ਵਿਚ ਮਾਤ-ਭੂਮੀ ਨੂੰ ਛੱਡਕੇ ਦੂਸਰੇ ਰਾਸ਼ਟਰ, ਵਿਦੇਸ਼ ਵਿਚ ਰਹਿਣ-ਬਸੇਰਾ ਕਰਨ ਨੂੰ 'ਪਰਵਾਸ' ਆਖਿਆ ਗਿਆ ਹੈ।

ਪੰਜਾਬੀ ਯੁਵਾ ਪਰਵਾਸ ਬਾਰੇ ਗੱਲ ਕਰਨ ਤੋਂ ਪਹਿਲਾਂ ਪਰਵਾਸ ਸ਼ਬਦ ਦੇ ਅਰਥ ਬਾਰੇ ਜਾਣ ਲੈਣਾ ਵੀ ਜ਼ਰੂਰੀ ਹੈ। ਪੰਜਾਬੀ ਵਿਚ ਪਰਵਾਸੀ ਦੇ ਦੋ ਸ਼ਬਦ ਜੋੜ ਪ੍ਰਚਲਿਤ ਹਨ, ਇਕ ਪ੍ਰਵਾਸ ਤੇ ਦੂਜਾ ਪਰਵਾਸ। ਪੰਜਾਬੀ ਦੇ ਪ੍ਰਸਿੱਧ ਭਾਸ਼ਾ ਵਿਗਿਆਨੀ ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਅਨੁਸਾਰ: 'ਪ੍ਰਵਾਸ ਤੇ ਪਰਵਾਸ ਇਹਨਾਂ ਦੋਹਾਂ ਸ਼ਬਦਾਂ ਦੇ ਦੋ ਮਾਰਫੀਮ

ਖੰਡ (ਰੂਪੀਮ) ਹਨ: ਪ੍ਰ+ਵਾਸ ਅਤੇ ਪਰ+ਵਾਸ। "ਪ੍ਰ" ਅਤੇ "ਪਰ" ਦੋਵੇਂ ਅਗੇਤਰ ਹਨ, ਕਿਉਂਕਿ ਇਹਨਾਂ ਦੇ ਜੋੜ ਨਾਲ ਵੱਖਰੇ-ਵੱਖਰੇ ਅਰਥ ਹੁੰਦੇ ਹਨ। "ਪ੍ਰ" ਅਗੇਤਰ ਦੇ ਆਮ ਅਰਥ: ਜੁਦਾ ਹੋਣਾ ਵਿਯੋਗ ਹਨ, "ਪਰ" ਅਗੇਤਰ ਦੇ ਅਰਥ: ਪਰਾਇਆ, ਓਪਰਾ, ਬਿਗਾਨਾ, ਦੂਜਾ ਆਦਿ ਹਨ।'[3]

ਪਰਵਾਸ ਦੇ ਸ਼ਾਬਦਿਕ ਅਰਥ ਸਮਝ ਲੈਣ ਤੋਂ ਬਾਅਦ ਵੱਖ-ਵੱਖ ਵਿਦਵਾਨਾਂ ਦੁਆਰਾ ਪਰਵਾਸ ਦੀਆਂ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਦਾ ਅਧਿਐਨ ਵੀ ਲਾਜ਼ਮੀ ਹੈ। ਜਿਨ੍ਹਾਂ ਰਾਹੀਂ ਪਰਵਾਸ ਦਾ ਕਾਰਨ ਅਤੇ ਵਿਭਿੰਨ ਸਮਾਜਿਕ-ਰਾਜਨੀਤਿਕ ਸਰੋਕਾਰਾਂ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ:-

ਡਾ ਹਰਜਿੰਦਰ ਅਟਵਾਲ ਅਨੁਸਾਰ: "ਪਰਵਾਸ ਕਿਸੇ ਵਿਅਕਤੀ ਜਾਂ ਵਿਅਕਤੀ ਸਮੂਹ ਦਾ ਇੱਕ ਖਾਸ ਭੂਗੋਲਿਕ, ਸਮਾਜਕ, ਆਰਥਿਕ, ਸਭਿਆਚਾਰਕ ਆਦਿ ਪ੍ਰਸਥਿਤੀਆਂ ਤੋਂ ਕਿਸੇ ਹੋਰ ਭੂਗੋਲਿਕ ਖਿੱਤੇ ਵਿੱਚ ਜਾਣ ਦੀ ਪ੍ਰਕਿਰਿਆ ਹੈ।"[4]

ਡਾ. ਹਰਚੰਦ ਸਿੰਘ ਬੇਦੀ ਪਰਵਾਸ ਸੰਬੰਧੀ ਆਪਣੀ ਧਾਰਨਾ ਨੂੰ ਇਸ ਕਦਰ ਵਿਅਕਤ ਕਰਦੇ ਹਨ: "ਪਰਵਾਸ ਇੱਕ ਅੰਤਰਰਾਸ਼ਟਰੀ ਵਰਤਾਰਾ ਹੈ ਜੋ ਕਦੀ ਇੱਛਾਤੰਤਰ ਦੇ ਦਬਾਅ ਵਿੱਚੋਂ ਰੂਪ ਧਾਰਨ ਕਰਦਾ ਹੈ, ਕਦੀ ਸਾਬਤ ਰੋਟੀ ਦੀ ਖਾਹਸ਼ ਲਈ, ਉਸਦੀ ਤਲਾਸ਼ ਲਈ, ਜ਼ਰਖੇਜ਼ ਜ਼ਮੀਨ ਹੀ ਤਿਆਰ ਨਹੀਂ ਕਰਦਾ ਸਗੋਂ ਲੰਬੀ ਪਰਵਾਜ਼ ਵੀ ਭਰਦਾ ਹੈ ਅਤੇ ਕਦੀ ਇੱਛਤ, ਕਦੀ ਅਣਇੱਛਤ, ਕਦੀ ਰਾਜਨੀਤਕ ਕਾਰਨਾਂ, ਕਾਰਜਾਂ ਤੇ ਦਬਾਵਾਂ ਕਰਕੇ ਵੀ ਮਾਧਿਅਮ ਬਣਦਾ ਹੈ।"[5]

ਡਾ. ਚੰਚਲ ਬਾਲਾ ਅਨੁਸਾਰ: "ਪਰਵਾਸੀ ਉਹ ਵਿਅਕਤੀ ਹੁੰਦਾ ਹੈ ਜਿਹੜਾ ਰੁਜ਼ਗਾਰ ਜਾਂ ਚੰਗੇਰੇ ਜੀਵਨ-ਭਵਿੱਖ ਲਈ ਆਪਣੇ ਮੁਲਕ ਤੋਂ ਕਿਸੇ ਦੂਜੇ ਮੁਲਕ ਵਿੱਚ ਪੱਕੇ ਤੌਰ 'ਤੇ ਵੱਸਣ ਦੇ ਇਰਾਦੇ ਨਾਲ ਜਾਂਦਾ ਹੈ।"[6]

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ 'ਤੇ ਆਪਣੀ ਮੂਲ-ਭੂਮੀ ਨੂੰ ਅਨਿਸ਼ਚਿਤ ਸਮੇਂ ਲਈ ਇਛਾਵੱਸ ਜਾਂ ਮਜ਼ਬੂਰੀ ਵੱਸ ਛੱਡ ਕੇ ਕਿਸੇ ਦੂਜੇ/ਬੇਗਾਨੇ ਮੁਲਕ ਵਿਚ ਜਾ ਕੇ ਵਸਣ ਨੂੰ ਪਰਵਾਸ ਤੇ ਪਰਵਾਸ ਕਰਨ ਵਾਲੇ ਵਿਅਕਤੀ ਨੂੰ ਪਰਵਾਸੀ ਕਿਹਾ ਜਾਂਦਾ ਹੈ। ਪਰਵਾਸੀ ਲਈ ਹੋਰ ਵੀ ਅਨੇਕਾਂ ਸ਼ਬਦ, ਵਲੈਤੀ, ਵਿਦੇਸ਼ੀ, ਬਾਹਰਲਾ ਤੇ ਡਾਇਸਪੋਰਾ ਸ਼ਬਦ ਵਰਤਿਆ ਜਾ ਰਿਹਾ ਹੈ।

ਪੰਜਾਬ ਦੀ ਰਾਜਨੀਤੀ ਨੇ ਸੂਬੇ ਦੀ ਆਰਥਿਕਤਾ ਨੂੰ ਗਹਿਰੇ ਸੰਕਟ ਅਧੀਨ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਵਰਤਮਾਨ ਯੁਵਾ ਪਰਵਾਸ ਦੌਰਾਨ, ਪੰਜਾਬ ਦੇ ਆਰਥਿਕ ਸੰਦਰਭ ਵਿਚ ਅੰਕੜਿਆਂ ਸਹਿਤ ਗੱਲ ਕਰੀਏ ਤਾਂ ਇਸ ਸਮੇਂ ਸੂਬੇ ਦੀ ਆਰਥਿਕ ਸਥਿਤੀ ਇਸ ਕਦਰ ਡਗਮਗਾਈ ਹੋਈ ਹੈ ਕਿ ਪ੍ਰਤੀ ਵਿਅਕਤੀ ਆਮਦਨ ਪੱਖੋਂ ਪੰਜਾਬ ਸੂਬਾ 1991-92ਵਿਚ ਪਹਿਲੇ ਸਥਾਨ 'ਤੇ ਸੀ ਪਰ ਵਰਤਮਾਨਿਕ ਅੰਕੜਿਆਂ ਅਨੁਸਾਰ ਪੰਜਾਬ ਪਹਿਲੇ ਸਥਾਨ ਨਾਲੋਂ 12ਵੇਂ-13ਵੇਂ ਸਥਾਨ 'ਤੇ ਪਹੁੰਚ ਗਿਆ ਹੈ। 'ਸੂਬੇ ਵਿਚ ਬੇਰੁਜ਼ਗਾਰੀ ਦੀ ਔਸਤਨ ਦਰ (7.3%) ਮੁਲਕ ਦੀ ਬੇਰੁਜ਼ਗਾਰੀ ਦੀ ਦਰ (4.8%) ਤੋਂ ਕਿਤੇ ਜ਼ਿਆਦਾ ਹੈ। ਪੜ੍ਹੇ ਲਿਖੇ ਨੌਜਵਾਨਾਂ (ਹਾਇਰ ਸੈਕੰਡਰੀ ਪਾਸ) ਦੀ ਬੇਰੁਜ਼ਗਾਰੀ ਦੀ ਦਰ ਪੰਜਾਬ ਵਿਚ 15.8% ਹੈ ਜਿਹੜੀ ਮੁਲਕ ਦੀ ਦਰ ਤੋਂ ਲਗਭਗ ਡੇਢ ਗੁਣਾ ਹੈ।[7] ਪੰਜਾਬ ਵਿਚ ਬੇਰੁਜ਼ਗਾਰੀ ਅਤੇ ਆਰਥਿਕ ਮੰਦਹਾਲੀ ਦੇ ਕਾਰਨ ਪੰਜਾਬ ਦੀ ਯੁਵਾ ਪੀੜ੍ਹੀ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੀ ਹੈ। ਪੰਜਾਬੀ ਯੁਵਕਾਂ ਦੇ ਰੂਪ ਵਿਚ ਪੰਜਾਬ ਦਾ ਭਵਿੱਖ ਹੀ ਬਾਹਰ ਨਹੀਂ ਜਾ ਰਿਹਾ ਸਗੋਂ ਸਲਾਨਾ ਹਜ਼ਾਰਾਂ ਕਰੋੜਾਂ ਰੁਪਏ ਦਾ ਸਰਮਾਇਆ ਵੀ ਉਨ੍ਹਾਂ ਨਾਲ ਵਿਦੇਸ਼ਾਂ ਵਿਚ ਜਾ ਰਿਹਾ ਹੈ। ਆਉਣ ਵਾਲੀ ਪੀੜ੍ਹੀ ਲਈ ਇਸ ਦਾ ਨਤੀਜਾ ਇਹ ਹੋਵੇਗਾ ਕਿ ਭਾਰਤ/ਪੰਜਾਬ ਦੀ ਯੁਵਾ ਪੀੜ੍ਹੀ ਬਿਨ੍ਹਾਂ ਕਰਜ਼ਾ ਲਿਆ ਕਰਜੇ ਹੇਠ ਆ ਜਾਵੇਗੀ। ਵਰਤਮਾਨ ਸਮੇਂ ਵਿਚ ਪੰਜਾਬ ਸੂਬੇ 'ਤੇ 2.90 ਲੱਖ ਕਰੋੜ ਰੁਪਏ ਦੇ ਕਰੀਬ ਕਰਜ਼ਾ ਹੈ। ਪੰਜਾਬ ਦੀ ਜੰਨ-ਸੰਖਿਆ ਮੁਤਾਬਕ, ਪ੍ਰਤੀ ਵਿਅਕਤੀ ਇਸ ਕਰਜੇ ਦੇ ਭੁਗਤਾਨ ਦੀ ਗੱਲ ਕਰੀਏ ਤਾਂ ਇਕ ਲੱਖ ਰੁਪਏ ਕਰਜ਼ਾ ਪ੍ਰਤੀ ਵਿਅਕਤੀ 'ਤੇ ਬਿਨ੍ਹਾਂ ਕਰਜ਼ਾ ਲਿਆ ਚੜਿਆ ਹੋਇਆ ਹੈ। ਪਿਛਲੇ ਦੋ ਤਿੰਨ ਦਹਾਕਿਆਂ ਤੋਂ ਪੰਜਾਬ ਦੀ ਆਰਥਿਕਤਾ ਨੂੰ ਠੀਕ ਕਰਨ ਦੀ ਬਜਾਇ ਸਮੇਂ ਦੀਆਂ ਸਰਕਾਰਾਂ ਨੇ ਆਪਣੇ ਖ਼ਜਾਨੇ ਭਰੇ ਹਨ। ਅਜਿਹੀਆਂ ਸੌੜੀਆਂ ਰਾਜਨੀਤਿਕ ਨੀਤੀਆਂ ਦੇ ਪ੍ਰਭਾਵ ਅਧੀਨ ਜ਼ਿਦਗੀ ਭੋਗ ਰਹੀ ਯੁਵਾ ਪੀੜ੍ਹੀ ਨਾ-ਕੇਵਲ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਰਹੀ ਹੈ ਸਗੋਂ ਸਮਾਜਕ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਪ੍ਰਤੀ ਦਿਸ਼ਾਹੀਣਤਾ ਵਧਣ ਦਾ ਖਦਸ਼ਾ ਵੀ ਪੈਦਾ ਹੋ ਗਿਆ ਹੈ। 'ਬਦਲੇ ਹੋਏ ਆਰਥਕ ਨਿਜ਼ਾਮ ਦੇ ਰੁਜ਼ਗਾਰ ਮੌਕਿਆਂ ਨੂੰ ਹਾਸਲ ਨਾ ਕਰ ਸਕਣ ਦੇ ਰੋਸ ਅਤੇ ਵਿਦੇਸ਼ ਜਾਣ ਦੇ ਸੁਪਨੇ ਦੀ ਪੂਰਤੀ ਉੱਪਰ ਲੱਗਦੇ ਪ੍ਰਸ਼ਨ-ਚਿੰਨ੍ਹ ਦਾ ਸਾਹਮਣਾ ਕਰ ਰਿਹਾ ਯੁਵਾ ਵਰਗ ਬਹੁਤ ਹੀ ਸਰਲਤਾ ਨਾਲ ਗੁਮਰਾਹ ਹੋ ਸਕਦਾ ਹੈ [8] ਅਤੇ ਹੋ ਵੀ ਰਿਹਾ ਹੈ ਪੈਸਾ ਕਮਾਉਣ ਅਤੇ ਚਕਾਚੌਂਧ ਵਾਲੇ ਮੁਲਕਾਂ ਵੱਲ

ਪਰਵਾਸ ਦੇ ਚੱਕਰ ਵਿਚ ਏਜੰਟਾ ਅਤੇ ਗਲਤ ਰਾਜਨੀਤਿਕ ਗਤੀ-ਵਿਧੀਆਂ ਰਾਹੀਂ (ਡੌਂਕੀ) ਵਿਦੇਸ਼ ਜਾਣ ਲਈ ਮਜ਼ਬੂਰ ਹੋ ਰਿਹਾ ਹੈ।

ਮਨੁੱਖ ਦੇ ਸਮਾਜਿਕ ਵਿਵਹਾਰ ਦਾ ਰਾਜਨੀਤਿਕ ਢਾਂਚੇ ਨਾਲ ਪਰਪੱਕ ਤੇ ਦਵੰਦਾਤਮਕ ਸੰਬੰਧ ਹੈ। ਸਮਾਜ ਵਿਚ ਵਿਵਹਾਰਿਕ ਪੱਧਰ 'ਤੇ ਵਿਚਰਦਿਆਂ ਵਿਅਕਤੀ ਨੂੰ ਵਿਭਿੰਨ ਰਾਜਨੀਤਿਕ ਸਥਿਤੀਆਂ-ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਪੰਜਾਬ ਦੇ ਨੌਜਵਾਨ/ਯੁਵਾ ਪਰਵਾਸ ਦੇ ਸਮਾਜਿਕ, ਆਰਥਿਕ ਪੱਖਾਂ ਨੂੰ ਜਾਨਣ ਦੇ ਨਾਲ-ਨਾਲ ਰਾਜਨੀਤਿਕ ਪੱਖ ਦਾ ਅਧਿਐਨ ਕਰਨਾ ਵੀ ਅਤਿ ਜ਼ਰੂਰੀ ਹੋ ਜਾਂਦਾ ਹੈ ਕਿ ਪੰਜਾਬ ਦੀਆਂ ਸਰਕਾਰਾਂ ਆਪਣੇ ਭਵਿੱਖ ਦੀ ਪੂੰਜੀ ਯੁਵਾ ਵਰਗ ਨੂੰ ਵਿਦੇਸ਼ਾਂ ਵੱਲ ਜਾਣ ਲਈ ਕਿਉਂ ਮਜ਼ਬੂਰ ਕਰ ਰਹੀਆਂ ਹਨ? ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਨੂੰ ਬੰਦ ਜਾਂ ਪ੍ਰਾਈਵੇਟ ਕਿਉਂ ਕਰ ਰਹੇ ਹਨ? ਆਈਲੈਟਸ, ਇਮੀਗ੍ਰੇਸਨ ਸੈਂਟਰਾਂ ਅਤੇ ਏਜੰਟਾਂ ਦੀ ਸੂਬੇ ਅੰਦਰ ਭਰਮਾਰ ਕਿਉਂ ਕੀਤੀ ਜਾ ਰਹੀ ਹੈ? ਕੀ ਸਰਕਾਰਾਂ ਜਾਂ ਸਿਆਸੀ ਨੀਤੀਆਂ ਇਨ੍ਹਾਂ ਲਈ ਜਿੰਮੇਵਾਰ ਨਹੀਂ? ਪੰਜਾਬ ਦੀਆਂ ਵਰਤਮਾਨ ਰਾਜਨੀਤਿਕ ਪ੍ਰਸਥਿਤੀਆਂ ਦੇ ਅੰਤਰਗਤ ਨੌਜਵਾਨ/ਯੁਵਾ ਪੀੜ੍ਹੀ 'ਜੋ ਇਹ ਭਾਰਤ ਵਿਚ ਪੜ੍ਹਦੇ ਹਨ ਤਾਂ ਕੱਲ੍ਹ ਨੂੰ ਇਹ ਗਰਮ ਖ਼ੂਨ ਬੇਰੁਜ਼ਗਾਰ ਹੋ ਕੇ ਉਨ੍ਹਾਂ ਦੇ ਤਖ਼ਤ ਨੂੰ ਹੱਥ ਪਾਵੇਗਾ। ਹੁਣ ਹਾਕਮ ਸਿਰਫ਼ ਮਾਪਿਆਂ 'ਤੇ ਜਿੰਮੇਵਾਰੀ ਸਿੱਟ ਕੇ ਸੁਰਖਰੂ ਹਨ ਕਿ ਬੱਚੇ ਜਾ ਰਹੇ ਨੇ ਤੇ ਮਾਪੇ ਭੇਜ ਰਹੇ ਨੇ'[9] ਮਾਪਿਆਂ ਵੱਲੋਂ ਜ਼ਮੀਨਾਂ ਵੇਚ ਕੇ ਅਤੇ ਕਰਜ਼ੇ ਚੁੱਕ ਕੇ ਰੁਜ਼ਗਾਰ ਲਈ ਬੱਚਿਆਂ ਨੂੰ ਵਿਦੇਸ਼ ਭੇਜਣਾ ਕੋਈ ਆਸਾਨ ਕਾਰਜ ਨਹੀਂ। ਸਰਕਾਰ ਸੁਚੇਤ ਹੁੰਦੀ ਤਾਂ ਅਜਿਹੇ ਰੁਝਾਨ ਨੇ ਕਦੇ ਜੋਰ ਨਹੀਂ ਸੀ ਫੜਨਾ ਜਿਸ ਕਾਰਨ ਪੰਜਾਬੀ ਯੁਵਾ ਪਰਵਾਸ ਦੀਆਂ ਸਮਸਿਆਂ ਸਾਹਮਣੇ ਆਉਂਣੀਆਂ ਆਰੰਭ ਹੋਈਆਂ 'ਪੰਜਾਬ ਵਿਚੋਂ ਹਰ ਸਾਲ ਤਕਰੀਬਨ 1.5 ਲੱਖ ਨੌਜਵਾਨ ਵਿਦੇਸ਼ਾਂ ਵਿਚ ਪੜ੍ਹਾਈ ਵਾਸਤੇ ਜਾ ਰਹੇ ਹਨ। ਕਰੋੜਾਂ ਰੁਪਏ ਫ਼ੀਸਾਂ ਅਤੇ ਰਹਿਣ ਦੇ ਖਰਚੇ ਵਾਸਤੇ ਨਾਲ ਲੈ ਕੇ ਜਾ ਰਹੇ ਹਨ। ਇਸ ਨਾਲ ਪੰਜਾਬ ਵਿਚੋਂ ਬੌਧਿਕ ਅਤੇ ਪੂੰਜੀ ਦਾ ਹੂੰਝਾ (brain drain and capital drain) ਫਿਰ ਰਿਹਾ ਹੈ। ਬੱਚਿਆਂ ਦੇ ਪਿੱਛੇ ਮਾਪੇ ਵੀ ਜਾ ਰਹੇ ਹਨ। ਪੰਜਾਬ ਦੀਆਂ ਵਿਦਿੱਅਕ ਸੰਸਥਾਵਾਂ ਵਿਚੋਂ ਵਿਦਿਆਰਥੀ ਗਾਇਬ ਹੋ ਰਹੇ ਹਨ।'[10] 'ਬਿਊਰੋ ਆਫ਼ ਇਮੀਗਰੇਸ਼ਨ ਦੇ ਵੇਰਵੇ ਹਨ ਕਿ ਪਹਿਲੀ ਜਨਵਰੀ 2016 ਤੋਂ ਮਾਰਚ 2021 ਤੱਕ (ਲਗਭਗ ਸਵਾ ਪੰਜ ਸਾਲ) ਦੌਰਾਨ ਪੰਜਾਬ ਵਿਚੋਂ 4.78 ਲੱਖ

ਵਿਅਕਤੀ ਰੁਜ਼ਗਾਰ ਵੀਜ਼ੇ 'ਤੇ ਵਿਦੇਸ਼ ਗਏ ਹਨ। ਸਿੱਧਾ ਅੰਕੜਾ ਹੈ ਕਿ ਇਨ੍ਹਾਂ ਵਰ੍ਹਿਆਂ ਦੌਰਾਨ ਪੰਜਾਬ ਵਿਚੋਂ ਹਰ ਮਹੀਨੇ ਔਸਤਨ 7.750 ਵਿਅਕਤੀ ਰੁਜ਼ਗਾਰ ਲਈ ਵਿਦੇਸ਼ ਗਏ ਹਨ। ਇਸ ਲਿਹਾਜ਼ ਨਾਲ ਰੋਜ਼ਾਨਾ ਦੀ ਔਸਤ 250 ਬਣਦੀ ਹੈ। ਇੰਜ ਜੇ ਵੇਖਿਆ ਜਾਵੇ ਤਾਂ ਹਰ ਵਰ੍ਹੇ ਔਸਤਨ 91.250 ਵਿਅਕਤੀ ਰੁਜ਼ਗਾਰ ਖ਼ਾਤਰ ਪੰਜਾਬ ਛੱਡ ਰਹੇ ਹਨ।'[11] ਪਿਛਲੇ ਦਿਨੀਂ ਪੰਜਾਬ ਵਿਚ 2022 ਦੀਆਂ ਚੋਣਾਂ ਦੌਰਾਨ ਇਹ ਸੱਚ ਸਾਹਮਣੇ ਆ ਹੀ ਗਿਆ ਜਦੋਂ ਨੌਜਵਾਨ ਪੀੜ੍ਹੀ ਨੂੰ ਇਕ ਵਾਰ ਫਿਰ ਭਰਮਾਉਣ ਖ਼ਾਤਿਰ ਜਾਂ ਆਪਣੇ ਸੁਆਰਥ ਲਈ ਦਸ-ਦਸ ਲੱਖ ਰੁਪਏ ਪ੍ਰਤੀ ਵਿਦਿਆਰਥੀ ਲਈ ਐਲਾਨ ਕੀਤੇ ਗਏ ਅਤੇ ਰੁਜ਼ਗਾਰ ਦੇ ਅੰਕੜਿਆਂ ਬਾਰੇ ਦੱਸਦੇ ਹੋਏ 'ਮੁੱਖ ਮੰਤਰੀ ਚਰਨਜੀਤ ਚੰਨੀ ਆਖਦੇ ਹਨ ਕਿ ਸੂਬਾ ਸਰਕਾਰ ਨੇ ਪੰਜਾਬ ਵਿਚ 26 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਹੈ। ਇਸ ਤੋਂ ਪਹਿਲਾਂ ਗੱਠਜੋੜ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਪੰਜ ਸਾਲਾਂ ਵਿਚ 25 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ। ਉੱਧਰ ਪੰਜਾਬ ਕਾਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਹੁਣ 'ਪੰਜਾਬ ਮਾਡਲ' ਤਹਿਤ ਐਲਾਨ ਕੀਤਾ ਹੈ ਕਿ ਹਰ ਵਰ੍ਹੇ ਇੱਕ ਲੱਖ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ'[12] ਨਿੱਜੀ ਹਿੱਤਾਂ ਦੀ ਬਹੁ-ਪਸਾਰੀ ਰਾਜਨੀਤੀ ਨੇ ਪੰਜਾਬ ਦੇ ਹਰ ਪੱਖ, ਹਰ ਵਰਗ-ਸਮੂਹ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਹੈ ਕਿ ਸਿਆਸੀ ਨੀਤੀਆਂ ਅੰਦਰ ਗ੍ਰਸੇ ਪੰਜਾਬੀ ਯੁਵਾ ਰੁਜ਼ਗਾਰ ਖ਼ਾਤਿਰ ਮਿਹਨਤ ਦੀ ਜਗ੍ਹਾ ਧੋਖਾ-ਧੜੀਆਂ, ਲੁੱਟਾਂ-ਖੋਹਾਂ ਅਤੇ ਨਸ਼ਿਆਂ ਵੱਲ ਵਧੇਰੇ ਰੁਚਿਤ ਹੋ ਗਏ ਹਨ। ਖਾਸਕਰ ਪਰਵਾਸ ਦਾ ਅਜੋਕਾ ਰਾਜਨੀਤਿਕ ਮਸਲਾ ਪੱਛੜੇ, ਅਵਿਕਸਿਤ ਜਾਂ ਪ੍ਰਾਈਵੇਟ (ਹਿੱਸੇਦਾਰੀ) ਅਦਾਰਿਆਂ ਨੂੰ ਵਿਕਸਿਤ ਕਰਨਾ ਹੈ ਪਰ ਇਸ ਪ੍ਰਕ੍ਰਿਆ ਨੇ ਜਿਥੇ ਵਧੇਰੇ ਕੰਮ ਲਿਆ ਹੈ ਉਥੇ ਘੱਟ ਉਜਰਤ ਨੂੰ ਪੈਦਾ ਕੀਤਾ ਹੈ। ਦੇਸ਼ ਅੰਦਰਲੀ ਗ਼ਰੀਬੀ, ਭ੍ਰਿਸ਼ਟਾਚਾਰ ਅਤੇ ਅਨਿਆਂ ਜਿਹੀਆਂ ਪ੍ਰਸਥਿਤੀਆਂ ਦੇ ਅੰਤਰਗਤ ਜੀਵਨ ਬਤੀਤ ਕਰਨ ਦੀ ਬਜਾਇ ਨੌਜਵਾਨ ਪੀੜ੍ਹੀ ਪਰਵਾਸ ਕਰਨ ਲਈ ਮਜ਼ਬੂਰ ਹੈ। ਵਰਤਮਾਨ ਤੇ ਭਵਿੱਖ ਵਿਚ ਪਸਰੀਆਂ ਰਾਜਨੀਤਿਕ ਨੀਤੀਆਂ ਨੌਜਵਾਨ/ਯੁਵਾ ਪੀੜ੍ਹੀ ਲਈ ਸਭ ਤੋਂ ਵੱਧ ਖ਼ਤਰਨਾਕ ਸਾਬਿਤ ਹੋਣਗੀਆਂ।

ਅਜੋਕੇ ਦੌਰ ਵਿਚ ਰਾਜਨੀਤਿਕ ਨੀਤੀਆਂ ਨੇ ਜਿਥੇ ਯੁਵਾ/ਨੌਜਵਾਨ ਵਰਗ ਨੂੰ ਸਮਾਜਕ, ਆਰਥਿਕ ਪੱਖੋਂ ਖੋਖਲਾ ਕੀਤਾ ਹੈ ਉਥੇ ਹੀ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਵੀ ਸਿਆਸੀ ਮਸਲਿਆਂ ਸਨਮੁਖ ਲਿਆ ਖੜ੍ਹਾ ਕਰ ਦਿੱਤਾ ਹੈ। ਰਾਜਨੀਤੀ ਦੇ ਪ੍ਰਭਾਵ ਹੇਠ

ਭਾਰਤ/ਪੰਜਾਬ ਦੀ ਵੰਡ, ਪੰਜਾਬ ਸੰਕਟ ਜਿਹੇ ਸਾਕਿਆਂ ਤੋਂ ਬਾਅਦ ਵਿਸ਼ਵੀਕਰਨ/ਮੰਡੀਕਰਨ ਦੇ ਵਰਤਾਰਿਆਂ ਨੇ ਪੰਜਾਬੀ ਸਭਿਆਚਾਰ ਨੂੰ ਝੰਜੋੜ ਕੇ ਰੱਖ ਦਿੱਤਾ। ਇਥੇ ਤੱਕ ਹੀ ਨਹੀਂ ਬਲਕਿ ਨਸਲੀ ਵਿਤਕਰੇ, ਜਿਨਸੀ ਝੁਕਾਅ, ਧਰਮ ਅਤੇ ਕਿੱਤੇ ਅਧਾਰਿਤ ਪਛਾਣ ਜਿਹੇ ਮਸਲਿਆਂ ਨੇ ਯੁਵਾ ਵਰਗ ਦਾ ਬਹੁਤ ਸ਼ੋਸ਼ਣ ਕੀਤਾ ਹੈ। ਇਨ੍ਹਾਂ ਸ਼ੋਸ਼ਣਕਾਰੀ ਵਰਤਾਰਿਆਂ 'ਚੋਂ ਉਭਰਨ ਲਈ ਅਜੋਕੀ ਪੀੜ੍ਹੀ ਅਤਿ 'ਵਿਕਸਿਤ ਮੁਲਕਾਂ ਦੀਆਂ ਜ਼ਿੰਦਗੀ ਸੰਪੂਰਨ ਸਹੂਲਤਾਂ ਦੇ ਸੁਪਨੇ, ਪੱਛਮੀ ਸੱਭਿਆਚਾਰ ਦੀ ਚਕਾਚੌਂਧ, ਚੰਗੀ ਜ਼ਿੰਦਗੀ ਤੇ ਰੁਜ਼ਗਾਰ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਦੇ ਹਨ, ਉਥੇ ਦੇਸ਼ ਅੰਦਰਲੀ ਗਰੀਬੀ ਬੇਰੁਜ਼ਗਾਰੀ, ਭ੍ਰਿਸ਼ਟ ਪ੍ਰਬੰਧ, ਮਾੜਾ ਸਿੱਖਿਆ ਪ੍ਰਬੰਧ, ਜਗੀਰੂ ਸੱਭਿਆਚਾਰਕ ਕਦਰਾਂ-ਕੀਮਤਾਂ ਦੀ ਰਹਿੰਦ-ਖੂੰਹਦ ਆਦਿ ਵੀ ਉਨ੍ਹਾਂ ਨੂੰ ਸਵੈ-ਇੱਛਤ ਦੇਸ਼ ਨਿਕਾਲੇ ਲਈ ਮਜ਼ਬੂਰ ਕਰਦਾ ਹੈ।'[13] ਵਰਤਮਾਨ ਦੌਰ ਵਿਚ ਪੰਜਾਬੀ ਯੁਵਾ ਪੀੜ੍ਹੀ ਇਨ੍ਹਾਂ ਜਰਜਰ ਹੋਈਆਂ ਆਰਥਿਕ, ਰਾਜਨੀਤਿਕ ਤੇ ਸਭਿਆਚਾਰਕ ਹਾਲਤਾਂ ਵਿਚ ਆਪਣਾ ਜੀਵਨ ਬਸਰ ਕਰਨ ਅਤੇ ਪਰਵਾਸ ਕਰਨ ਲਈ ਮਜ਼ਬੂਰ ਹੈ ਜਿਸ 'ਤੇ ਪੂੰਜੀਵਾਦੀ ਨਿਜ਼ਾਮ ਅਤੇ ਨਿੱਜੀ ਰਾਜਨੀਤਿਕ ਚਾਲਾਂ ਦਾ ਰੰਗ ਚੜ੍ਹਿਆ ਹੋਇਆ ਹੈ।

ਸੋ ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਦਾ ਨੌਜਵਾਨ ਰੋਜ਼ਮਰ੍ਹਾ ਦੇ ਕਈ ਖ਼ੌਫਨਾਕ ਮੰਜ਼ਰਾਂ ਸੰਗ ਜੂਝ ਰਿਹਾ ਹੈ। ਪਿਛਲੇ ਦੋ-ਤਿੰਨ ਦਹਾਕਿਆਂ ਤੋਂ ਪੰਜਾਬ ਦੇ ਬਹੁ-ਪਰਤੀ ਅਤੇ ਭਿੰਨਤਾਵਾਂ ਵਾਲੇ ਸਭਿਆਚਾਰ, ਆਰਥਿਕਤਾ ਦੀ ਮੰਦਹਾਲੀ ਅਤੇ ਰਾਜਨੀਤਿਕ ਪੈਤੜੇਂਬਾਜ਼ੀ ਪਰਵਾਸ ਦੇ ਚਿੰਤਨ ਦਾ ਵਿਸ਼ਾ ਬਣਿਆ ਹੋਇਆ ਹੈ। ਪੰਜਾਬ ਯੁਵਾ ਪਰਵਾਸ ਦੇ ਮਸਲਿਆਂ ਵਿਚ ਰਾਜਨੀਤੀ ਦਾ ਪ੍ਰਭਾਵ, ਉੱਤਪਤੀ ਦੇ ਕਾਰਨ ਅਤੇ ਸਿੱਟੇ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਅਧਿਐਨ ਵਿਸ਼ਲੇਸ਼ਣ ਰਾਹੀਂ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬ ਦੇ ਨੌਜਵਾਨ ਵਰਗ ਵਿੱਚ ਪੈਦਾ ਹੋ ਰਹੇ ਪਰਵਾਸ ਦੇ ਰੁਝਾਨ ਲਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਮਸਲੇ ਆਪਣੀ ਮਹੱਤਵਪੂਰਨ ਭੂਮਿਕਾ ਅਦਾ ਕਰ ਰਹੇ ਹਨ। ਪੰਜਾਬ ਦੇ ਨੌਜਵਾਨਾਂ ਵਿੱਚ ਪਰਵਾਸ ਦਾ ਰੁਝਾਨ ਪੰਜਾਬ ਅਤੇ ਪੰਜਾਬੀਅਤ ਦੋਹਾਂ ਲਈ ਸ਼ੁਭ ਸੰਕੇਤ ਨਹੀਂ ਹੈ।

**ਹਵਾਲੇ ਅਤੇ ਟਿੱਪਣੀਆਂ**

1. ਪੰਜਾਬੀ ਟ੍ਰਿਬਿਊਨ, ਨਜ਼ਰੀਆ, 19 ਫਰਵਰੀ 2022, ਪੰਨਾ-1

2. ਜੀ. ਪਲੈਖ਼ਾਨੋਵ, ਚਿੱਠੀਆਂ ਬਿਨ ਸਿਰਨਾਵਿਓਂ, ਡਾ. ਹਰਿਭਜਨ ਸਿੰਘ (ਅਨੁ.) ਨਵਯੁਗ ਪਬਲਿਸ਼ਰਜ਼, ਦਿੱਲੀ, 2012, ਪੰਨਾ-35
3. ਡਾ. ਰੁਪਿੰਦਰ ਕੌਰ, ਪਰਵਾਸੀ ਪੰਜਾਬੀ ਮਰਦ ਤੇ ਨਾਰੀ ਕਾਵਿ: ਤੁਲਨਾਤਮਕ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2018, ਪੰਨਾ-37
4. ਡਾ. ਹਰਜਿੰਦਰ ਸਿੰਘ ਅਟਵਾਲ, ਪਰਵਾਸ ਪਛਾਣ ਚਿੰਨ੍ਹ ਅਤੇ ਇਤਿਹਾਸਕ ਪਰਿਪੇਖ, ਪਰਵਾਸ ਤੇ ਪਰਵਾਸੀ ਸਾਹਿਤ, ਡਾ. ਹਰਚੰਦ ਸਿੰਘ ਬੇਦੀ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2005, ਪੰਨਾ-89
5. ਉਹੀ, ਪੰਨਾ-13
6. ਡਾ. ਚੰਚਲ ਬਾਲਾ, ਪਰਵਾਸ ਤੇ ਪਰਵਾਸੀ ਅਨੁਭਵ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ-14
7. ਪੰਜਾਬੀ ਟ੍ਰਿਬਿਊਨ, ਨਜ਼ਰੀਆ, 3 ਫਰਵਰੀ 2022, ਪੰਨਾ-1
8. ਡਾ. ਰਵਿੰਦਰ ਸਿੰਘ, ਪਰਵਾਸੀ ਪੰਜਾਬੀ ਸਾਹਿਤ: ਪੰਜਾਬੀ ਸਭਿਆਚਾਰ ਪਛਾਣ ਅਤੇ ਮਸਲੇ`, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2019, ਪੰਨਾ-5
9. ਪਰਮਿੰਦਰ ਸਵੈਚ, ਪੰਜਾਬੀ ਟ੍ਰਿਬਿਊਨ, ਜਵਾਂ ਤਰੰਗ, 10 ਫਰਵਰੀ, 2022, ਪੰਨਾ-5
10. ਸੁੱਚਾ ਸਿੰਘ ਗਿੱਲ, ਪੰਜਾਬ ਬਜਟ 2020-21 ਦੇ ਵਾਅਦੇ ਅਤੇ ਮਸਲੇ, ਪੰਜਾਬੀ ਟ੍ਰਿਬਿਊਨ ਆਨਲਾਈਨ, (https://pa.warbletoncoucnil.org)
11. ਚਰਨਜੀਤ ਭੁੱਲਰ, ਪੰਜਾਬੀ ਟ੍ਰਿਬਿਊਨ, ਰੁਜ਼ਗਾਰ ਵੀਜ਼ਾ, 26 ਫਰਵਰੀ 2022, ਪੰਨਾ-1
12. ਉਹੀ, ਪੰਨਾ-1
13. ਪੰਜਾਬੀ ਟ੍ਰਿਬਿਊਨ, ਨਜ਼ਰੀਆ, 19 ਫਰਵਰੀ 2022, ਪੰਨਾ-2